**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਐਸ.ਏ.ਐਸ. ਨਗਰ**

**ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ**

**(ਦਫਤਰੀ ਅਮਲਾ ਸ਼ਾਖਾ)**

ਹੁਕਮ ਨੰ.:- ਈ-261603/SED-EDU6018/123/2021-1EDU6

ਮਿਤੀ, ਐਸ.ਏ.ਐਸ. ਨਗਰ: 12.09.2022

**1.0** ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰ. 04/2021 ਰਾਹੀਂ 693 ਸਕੂਲ ਲਾਇਬ੍ਰੇਰੀਅਨ ਦੀਆਂ ਆਸਾਮੀਆਂ ਭਰਨ ਸਬੰਧੀ ਇਸ਼ਤਿਹਾਰ ਦਿੱਤਾ ਗਿਆ ਸੀ। ਜਿਸ ਅਨੁਸਾਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਕ੍ਰਮਵਾਰ ਪੱਤਰ ਮਿਤੀ 04.10.2021, 10.11.2021, 20.06.2022 ਅਤੇ 27.06.2022 ਰਾਹੀਂ ਯੋਗ ਉਮੀਦਵਾਰਾਂ ਦੀਆਂ ਸਿਫਾਰਸ਼ਾਂ ਇਸ ਦਫਤਰ ਨੂੰ ਭੇਜੀਆਂ ਗਈਆਂ। ਇਸ ਦਫਤਰ ਨੂੰ ਪ੍ਰਾਪਤ ਹੋਈਆਂ ਸਿਫਾਰਸ਼ਾਂ ਅਨੁਸਾਰ ਚੋਣ ਸੂਚੀਆਂ ਵਿੱਚ ਦਰਜ ਯੋਗ ਉਮੀਦਵਾਰਾਂ ਨੂੰ ਸਕੂਲ ਲਾਇਬ੍ਰੇਰੀਅਨ ਦੀ ਆਸਾਮੀ ਤੇ ਨਿਯੁਕਤੀ ਸਬੰਧੀ ਪੇਸ਼ਕਸ਼ ਪੱਤਰ ਜਾਰੀ ਕੀਤੇ ਗਏ।

**2.0** ਇਸ ਭਰਤੀ ਨਾਲ ਸਬੰਧਤ ਸਿਵਲ ਰਿੱਟ ਪਟੀਸ਼ਨ ਨੰ. 21281 ਆਫ 2021 ਵਿੱਚ ਮਾਨਯੋਗ ਹਾਈਕੋਰਟ ਵੱਲੋਂ ਮਿਤੀ 26.10.2021 ਨੂੰ ਹੇਠ ਅਨੁਸਾਰ ਅੰਤ੍ਰਿਮ ਹੁਕਮ ਕੀਤੇ ਗਏ:-

*"Places reliance upon pendency of CWP-17631-2021, which is now pending for 02.12.2021 and the interim order dated 13.09.2021 (Annexure P-11). It is submitted that the petitioners have secured marks, which would bring them within the zone of consideration as per the table in paragraph No.10 of the writ petition. It is further submitted that the petitioners have been declared ineligible in Annexure P-9, on account of passing only one year diploma course in Library Science and not two years' course.*

*Notice of motion.*

*Ms. Anu Chatrath, Additional Advocate General, Punjab, accepts notice on behalf of the respondents and has pointed out that the petitioners had taken part in the process of selection and now cannot turn around and challenge the eligibility criteria.*

*To be heard along with CWP-17631-2021 on 02.12.2021.*

*Five posts of the petitioners' category, as mentioned in the above- referred table shall not be filled up till further orders."*

**3.0** ਸਿਵਲ ਰਿੱਟ ਪਟੀਸ਼ਨ ਨੰ. 21281 ਆਫ 2021 ਵਿੱਚ ਮਾਨਯੋਗ ਹਾਈਕੋਰਟ ਵੱਲੋਂ ਪਾਸ ਕੀਤੇ ਗਏ ਅੰਤ੍ਰਿਮ ਹੁਕਮ ਮਿਤੀ 26.10.2021 ਦੇ ਸਨਮੁੱਖ ਹੇਠ ਲਿਖੇ ਅਨੁਸਾਰ ਆਸਾਮੀਆਂ ਰੱਖਣੀਆਂ ਬਣਦੀਆਂ ਸਨ:-

| ਲੜੀ ਨੰ. | ਪਟੀਸ਼ਨਰ ਦਾ ਨਾਂ | ਕੈਟਾਗਰੀ | ਰਾਖਵੀਆਂ ਰੱਖੀਆਂ ਜਾਣ ਵਾਲੀਆਂ ਆਸਾਮੀਆਂ ਦੀ ਗਿਣਤੀ |
|---|---|---|---|
| 1 | ਅਮਨਦੀਪ ਸਿੰਘ | BC | 1 |
| 2 | ਅਰਪਨ ਅਤੇ ਮਨਦੀਪ ਕੌਰ | EWS (Gen) | 2 |
| 3 | ਜਸਪ੍ਰੀਤ ਕੌਰ | SC (M&B) | 1 |
| 4 | ਨਰੇਸ਼ ਕੁਮਾਰ | General | 1 |

**4.0** ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਪ੍ਰਾਪਤ ਹੋਈਆਂ ਸਿਫਾਰਸ਼ਾਂ ਅਨੁਸਾਰ ਇਸ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਨੂੰ ਨਿਯੁਕਤੀ ਸਬੰਧੀ ਪੇਸ਼ਕਸ਼ ਪੱਤਰ ਜਾਰੀ ਕੀਤੇ ਗਏ। ਜਦੋਂ ਕਿ ਸਿਵਲ ਰਿੱਟ ਪਟੀਸ਼ਨ ਨੰ. 21281 ਆਫ 2021 ਵਿੱਚ ਮਾਨਯੋਗ ਹਾਈਕੋਰਟ ਵੱਲੋਂ ਪਾਸ ਕੀਤੇ ਗਏ ਅੰਤ੍ਰਿਮ ਹੁਕਮ ਮਿਤੀ 26.10.2021 ਦੀ ਪਾਲਣਾ ਹਿੱਤ ਉਕਤ ਟੇਬਲ ਵਿੱਚ ਦਰਸਾਈਆਂ ਕੈਟਾਗਰੀਆਂ ਦੀਆਂ ਆਸਾਮੀਆਂ ਰਾਖਵੀਆਂ ਰੱਖਣੀਆਂ ਬਣਦੀਆਂ ਸਨ।

**5.0** ਇਸ ਭਰਤੀ ਨਾਲ ਸਬੰਧਤ ਇਕ ਹੋਰ ਸਿਵਲ ਰਿੱਟ ਪਟੀਸ਼ਨ 16661 ਆਫ 2022 ਵਿੱਚ ਮਾਨਯੋਗ ਹਾਈਕੋਰਟ ਵੱਲੋਂ ਹੇਠ ਅਨੁਸਾਰ ਮਿਤੀ 05.08.2022 ਨੂੰ ਅੰਤ੍ਰਿਮ ਹੁਕਮ ਦਿੱਤੇ ਗਏ ਹਨ:-

*"In view of the above, prima facie, it appears that official respondents are in extreme hurry to offer appointment(s) in favour of all those candidates, who have obtained their essential qualification(s) through distance mode from outside the State of Punjab without any proper verification. This Court has come across that such a casual approach on the part of official respondents leads to the perennial litigation on account of subsequent cancellation of appointment / termination of service, including passing of the dismissal order(s) and there are numerous writ petition pending in this regard.*

*Resultantly, till the next date of hearing, in order to curtail the avoidable litigation, there is no option except to restrain the official respondents from issuing the offer of appointment in favour of the remaining candidate(s), unless there is proper satisfaction recorded by the appointing authority to the effect that essential qualification*

*certificate(s) of the candidate(s) is / are in consonance with the advertisement / service rules, as the case may be.*

*In case there is a failure, the same shall entail legal consequences."*

6.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਭੇਜੀਆਂ ਸਿਫਾਰਸ਼ ਸੂਚੀਆਂ ਮਿਤੀ 20.06.2022 ਅਤੇ 27.06.2022 ਅਨੁਸਾਰ ਇਸ ਵਿਭਾਗ ਵੱਲੋਂ ਮਿਤੀ 25.07.2022 ਨੂੰ ਇਹਨਾਂ ਸੂਚੀਆਂ ਵਿੱਚ ਦਰਜ ਯੋਗ ਉਮੀਦਵਾਰਾਂ ਨੂੰ ਨਿਯੁਕਤੀ ਸਬੰਧੀ ਪੇਸ਼ਕਸ਼ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ। ਪਰੰਤੂ ਸਿਵਲ ਰਿੱਟ ਪਟੀਸ਼ਨ 16661 ਆਫ 2022 ਵਿੱਚ ਮਾਨਯੋਗ ਹਾਈਕੋਰਟ ਵੱਲੋਂ ਕੀਤੇ ਗਏ ਅੰਤ੍ਰਿਮ ਹੁਕਮ ਮਿਤੀ 05.08.2022 ਦੀ ਪਾਲਣਾ ਹਿੱਤ ਇਹਨਾਂ ਉਮੀਦਵਾਰਾਂ ਨੂੰ ਸਟੇਸ਼ਨ ਅਲਾਟਮੈਂਟ ਨਹੀਂ ਕੀਤੀ ਗਈ।

7.0 ਇਸ ਲਈ ਸਿਵਲ ਰਿੱਟ ਪਟੀਸ਼ਨ ਨੰ. 21281 ਆਫ 2021 ਵਿੱਚ ਮਾਨਯੋਗ ਹਾਈਕੋਰਟ ਵੱਲੋਂ ਪਾਸ ਕੀਤੇ ਗਏ ਅੰਤ੍ਰਿਮ ਹੁਕਮ ਮਿਤੀ 26.10.2021 ਦੀ ਲੋਅ ਵਿੱਚ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਭੇਜੀਆਂ ਗਈਆਂ ਸਿਫਾਰਸ਼ਾਂ ਮਿਤੀ 20.06.2022 ਅਤੇ 27.06.2022 ਵਿੱਚ ਹੇਠ ਲਿਖੇ ਉਮੀਦਵਾਰਾਂ ਦੇ ਸਕੂਲ ਲਾਇਬ੍ਰੇਰੀਅਨ ਦੀ ਆਸਾਮੀ ਤੇ ਨਿਯੁਕਤੀ ਸਬੰਧੀ ਪੇਸ਼ਕਸ਼ ਪੱਤਰ ਰੱਦ ਕੀਤੇ ਜਾਂਦੇ ਹਨ:-

| Sr. no. | Roll no. | Application No. | Name | Father Name | Marks | Cat | DOB | Category of Recommendation |
|---|---|---|---|---|---|---|---|---|
| 1 | 103637 | PSSSBH04005651 | DHARMINDER | INDERJEET | 57 | EWS | 01-07-1984 | EWS |
| 2 | 100165 | PSSSBH04000385 | SUKHDEEP KAUR | AJMER SINGH | 59 | BC | 15-08-1991 | BC |

8.0 ਸਿਵਲ ਰਿੱਟ ਪਟੀਸ਼ਨ ਨੰ. 21281 ਆਫ 2021 ਵਿੱਚ ਮਾਨਯੋਗ ਹਾਈਕੋਰਟ ਵੱਲੋਂ ਕੀਤੇ ਗਏ ਅੰਤ੍ਰਿਮ ਹੁਕਮ ਮਿਤੀ 26.10.2021 ਦੇ ਸਨਮੁੱਖ ਦੱਸਿਆ ਜਾਂਦਾ ਹੈ ਕਿ ਵਿਭਾਗ ਪਾਸ SC (M&B) ਅਤੇ General ਕੈਟਾਗਰੀ ਦੀਆਂ ਆਸਾਮੀਆਂ ਉਪਲਬਧ ਹਨ। ਜਦੋਂਕਿ ਦੂਜੀ EWS (Gen) ਦੀ ਆਸਾਮੀ ਰਾਖਵੀਂ ਰੱਖਣੀ ਸੰਭਵ ਨਹੀਂ ਹੈ, ਕਿਉਂਜੋ EWS (Gen) ਕੈਟਾਗਰੀ ਦੇ ਮੈਰਿਟ ਵਿੱਚ ਸੈਕਿੰਡ ਲਾਸਟ ਉਮੀਦਵਾਰ ਨੂੰ ਇਸ ਵਿਭਾਗ ਵੱਲੋਂ ਮਿਤੀ 06.10.2021 ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤਾ ਗਿਆ ਸੀ। ਇਸ ਉਪਰੰਤ ਇਸ ਉਮੀਦਵਾਰ ਵੱਲੋਂ ਮਿਤੀ 22.10.2021 ਨੂੰ ਅਲਾਟ ਕੀਤੇ ਸਟੇਸ਼ਨ ਤੇ ਹਾਜ਼ਰੀ ਦੇ ਦਿੱਤੀ ਗਈ ਸੀ। ਜਦੋਂਕਿ ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 26.10.2021 ਨੂੰ ਪਾਸ ਹੋਏ ਸਨ।

9.0 ਉਪਰੋਕਤ ਦੇ ਮੱਦੇ ਨਜ਼ਰ ਇਹਨਾਂ ਕੇਸਾਂ ਸਬੰਧੀ ਮਾਨਯੋਗ ਕੋਰਟ ਵੱਲੋਂ ਕੋਈ ਅੰਤਿਮ ਫੈਸਲਾ ਹੋਣ ਉਪਰੰਤ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਯੋਗ ਉਮੀਦਵਾਰਾਂ ਦੀ ਚੋਣ ਉਪਰੰਤ ਸਿਫਾਰਸ਼ ਪ੍ਰਾਪਤ ਹੋਣ ਤੇ ਹੀ ਇਹਨਾਂ ਕੈਟਾਗਰੀਆਂ ਦੀਆਂ ਆਸਾਮੀਆਂ ਭਰਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਉਣੀ ਸੰਭਵ ਹੋਵੇਗੀ।

**ਕੁਲਜੀਤ ਪਾਲ ਸਿੰਘ ਮਾਹੀ, ਪੀ.ਸੀ.ਐਸ.**
**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ**

ਪਿੱਠ ਅੰਕਣ ਨੰ. ਉਕਤ/ **2022245635** ਮਿਤੀ, ਐਸ.ਏ.ਐਸ. ਨਗਰ- 12.09.2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਐਸ.ਏ.ਐਸ. ਨਗਰ।
2. ਸਬੰਧਤ ਉਮੀਦਵਾਰ।

**ਸਹਾਇਕ ਡਾਇਰੈਕਟਰ (ਪ੍ਰ.ਏ.ਸ.)**